# ਦਿ ਡਰਾਈਵ



ਮਈ 2023 ਅੰਕ 21

## ਇਸ ਐਡੀਸ਼ਨ ਵਿੱਚ

ਸਤੰਬਰ 2022 ਵਿਚ, ਡਿਪਟੀ ਕਮਿਸ਼ਨਰ ਕਰਮ ਜੌਹਲ ਦੀ ਨਿਯੁਕਤੀ ਦੇ ਨਾਲ, ਮੈਨੂ ਨਵਾਂ ਕੰਟੇਨਰ ਟਰੱਕਿੰਗ ਕਮਿਸ਼ਨਰ ਨਿਯੁਕਤ ਕੀਤਾ ਗਿਆ। ਅਸੀਂ ਮੈਟਰੋ ਵੈਨਕੂਵਰ ਦੇ ਡਰੇਜ਼ ਸੈਕਟਰ ਦੀ ਨਿਗਰਾਨੀ ਕਰਨ ਅਤੇ ਅੰਦਰੂਨੀ ਮੁੱਦਿਆਂ ਦੇ ਹੱਲ ਲੱਭਣਾ ਜਾਰੀ ਰੱਖਣ ਵਿੱਚ ਵਚਨਬੱਧ ਹਾਂ।

1 ਦਸੰਬਰ, 2022 ਨੂੰ ਓ ਬੀ ਸੀ ਸੀ ਟੀ ਸੀ ਨੇ ਸੀ ਟੀ ਐੱਸ ਲਾਇਸੈਂਸਾਂ ਨੂੰ ਦੋ ਸਾਲਾਂ ਦੀ ਮਿਆਦ ਲਈ ਨਵਿਆਇਆ। ਸੋਧੇ ਹੋਏ ਲਾਇਸੰਸ 30 ਨਵੰਬਰ, 2024 ਦੀ ਨਵੀਂ ਮਿਆਦ ਪੁੱਗਣ ਦੀ ਮਿਤੀ ਦੇ ਨਾਲ ਜਾਰੀ ਕੀਤੇ ਗਏ।

ਹਾਲ ਹੀ ਵਿੱਚ, ਅਸੀਂ ਆਪਣੀਆਂ ਲਾਗੂਕਰਨ ਗਤੀਵਿਧੀਆਂ ਵਿੱਚ ਸੁਧਾਰ ਕਰਨ ਲਈ ਕਦਮ ਚੁੱਕੇ ਹਨ। ਇਸ ਵਿੱਚ ਸ਼ਾਮਲ ਹਨ:

1. ਆਈ ਓ ਲਿਸਟ ਵਿਚੋ ਇੰਡਿਪੈਂਡੈਂਟ ਓਪਰੇਟਰਾਂ ਨੂੰ ਹਟਾਉਣਾ ਜੋ ਕੰਟੇਨਰ ਟਰੱਕਿੰਗ ਸੇਵਾਵਾਂ ਨਹੀਂ ਕਰ ਰਹੇ ਹਨ, ਜਾਂ ਸਪਾਂਸਰਸ਼ਿਪ ਐਗਰੀਮੈਂਟ ਜਾਂ ਟਰੱਕ ਟੈਗ ਨੀਤੀ ਦੀ ਪਾਲਣਾ ਨਹੀਂ ਕਰ ਰਹੇ ਹਨ;

2. ਸਾਡੀ ਸਮੀਖਿਆ ਤੋਂ ਬਾਅਦ ਲਾਈਸੈਂਸੀਸ ਤੋਂ 19 ਟਰੱਕ ਟੈਗ ਵਾਪਸ ਲੈ ਲਿੱਤੇ ਗਏ ਜਦੋਂ ਇਹ ਨੋਟ ਕੀਤਾ ਗਿਆ ਕਿ ਉਹ ਟੈਗਾਂ ਦੀ ਪੂਰੀ ਵਰਤੋਂ ਨਹੀਂ ਕਰ ਰਹੇ;

3. ਕੰਮ ਦੀ ਅਸਥਾਈ ਕਮੀ ਦਾ ਸਾਹਮਣਾ ਕਰ ਰਹੇ ਲਾਈਸੈਂਸੀਸ ਦੀ ਸਹਾਇਤਾ ਲਈ ਅਤੇ ਉਹਨਾਂ ਡਰਾਈਵਰਾਂ ਨੂੰ ਲੱਭਣ ਲਈ ਜਨ੍ਹਿਾਂ ਨੂੰ ਹੋਰ ਲਾਈਸੈਂਸੀਸ ਨੇ ਕੰਮ ਤੋਂ ਛੁੱਟੀ ਦੇ ਦੱਤਿੀ, ਆਰਜ਼ੀ ਟੈਗ ਨੀਤੀ ਨੂੰ ਮੁੜ ਲਾਗੂ ਵਿੱਚ ਲਿਆਇਆ ਗਿਆ ਹੈ;

4. ਸੀ ਵੀ ਐੱਸ ਈ ਸਮੇਤ ਹੋਰ ਏਜੰਸੀਆਂ ਦੇ ਨਾਲ ਸਾਂਝੇ ਯਤਨ ਲਾਗੂ ਕਰਨ ਦੀਆਂ ਪਹਲਿਕਦਮੀਆਂ ਦਾ ਆਯੋਜਨ ਕਰਨਾ|

ਮੈਨੂੰ ਹਾਲ ਹੀ ਵਿੱਚ ਕੈਸਕੇਡੀਆ ਪਾਰਟਨਰਜ਼ ਦੁਆਰਾ ਪ੍ਰਦਾਨ ਕੀਤੇ ਗਏ ਵਿਸ਼ਲੇਸ਼ਣ ਅਤੇ ਡਰੇਜ਼ ਸੈਕਟਰ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਕੰਪਨੀ ਡਰਾਈਵਰਾਂ, ਆਈ ਈ ਓ ਅਤੇ ਆਈ ਓ ਲਈ ਰੇਟਾਂ ਵਿੱਚ ਵਾਧੇ ਦੀ ਘੋਸ਼ਣਾ ਕਰਦਿਆਂ ਖੁਸ਼ੀ ਹੋਈ। 1 ਮਈ, 2023 ਨੂੰ, ਮੈਂ ਕੰਪਨੀ ਡਰਾਈਵਰਾਂ ਲਈ ਓਵਰਟਾਈਮ ਨੂੰ ਸ਼ਾਮਲ ਕਰਨ ਲਈ ਰੇਟ ਆਰਡਰ ਵਿੱਚ ਸੋਧ ਕੀਤਾ, ਜੋ ਕਿ ਓ ਬੀ ਸੀ ਸੀ ਟੀ ਸੀ ਵੱਲੋਂ ਪਹਿਲੀ ਵਾਰ ਕੀਤਾ ਗਿਆ| ਮੈਂ ਆਈ ਓ ਲਈ ਉਹਨਾਂ ਦੇ ਓਵਰਟਾਈਮ ਫਾਰਮੂਲੇ 'ਤੇ ਫ਼ੀਡਬੈਂਕ ਦੇ ਬਾਅਦ ਇੱਕ ਸਮਾਨ ਘੋਸ਼ਣਾ ਦੀ ਉਮੀਦ ਕਰਦਾ ਹਾਂ।

ਅਸੀਂ ਸਾਡੀ ਆਡਿਟ ਪ੍ਰਕਿਰਿਆ ਨੂੰ ਤੇਜ਼ ਕਰਨ ਲਈ ਉਸ ਨੂੰ ਸੁਚਾਰੂ ਬਣਾਇਆ ਹੈ ਅਤੇ ਇਹ ਯਕੀਨੀ ਬਣਾਇਆ ਹੈ ਕਿ ਡਰਾਈਵਰਾਂ ਨੂੰ ਇੱਕ ਤੇਜ਼ ਸਮਾਂ-ਸੀਮਾ ਵਿੱਚ ਬਕਾਇਆ ਰਕਮ ਪ੍ਰਾਪਤ ਹੋ ਜਾਵੇ।

ਮੈਂ ਇਸ ਸਾਲ ਜਨਵਰੀ ਵਿੱਚ ਇੰਡਸਟਰੀ ਐਡਵਾਇਜ਼ਾਰੀ ਕਮੇਟੀ ਨਾਲ ਮੀਟਿੰਗ ਕੀਤੀ ਅਤੇ ਲੋਅਰ ਮੇਨਲੈਂਡ ਡਰੇਜ਼ ਸੈਕਟਰ ਲਈ ਕਮਸ਼ਿਨਰ ਵੱਜੋਂ ਲਾਗੂਕਰਨ, ਆਡਿਟ ਅਤੇ ਰੇਟਾਂ ਦੀ ਸਮੀਖਿਆ, ਕਮੇਟੀ ਤੋਂ ਜਾਣਕਾਰੀ ਲੈਣ ਅਤੇ ਆਪਣੇ ਦ੍ਰਸ਼ਿਟੀਕੋਣ ਅਤੇ ਯੋਜਨਾ ਨੂੰ ਸਾਂਝਾ ਕਰਨ ਵਰਗੇ ਵਿਸ਼ਿਆਂ 'ਤੇ ਚਰਚਾ ਕੀਤੀ।

ਇਸ ਸਾਲ ਵਿੱਚ, ਓ ਬੀ ਸੀ ਸੀ ਟੀ ਸੀ 2024 ਦੀ ਲਾਇਸੈਂਸ ਅਰਜ਼ੀਆਂ ਦੀ ਤਆਿਰੀ ਵਿੱਚ ਸਾਡੀਆਂ ਪ੍ਰਕਿਰਿਆਵਾਂ ਅਤੇ ਦਸਤਾਵੇਜ਼ਾਂ ਦੀ ਸਮੀਖਿਆ ਕਰੇਗਾ।

ਸੱਚੇ ਦਿਲੋਂ,

ਗਲੈੱਨ ਮੈਕਇੰਨਸ

ਕੰਟੇਨਰ ਟਰੱਕਗਿ ਕਮਸ਼ਿਨਰ

## ਲਾਇਸੈਂਸੀਆਂ ਅਤੇ ਡ੍ਰਾਇਵਰਾਂ ਲਈ ਸ੍ਰੋਤ

**ਆਫ਼ਿਸ ਆਫ਼ ਦੀ ਬੀ ਸੀ ਕੰਟੇਨਰ ਟਰੱਕਿੰਗ ਕਮਿਸ਼ਨਰ**
604-660-6051
obcctc.ca

**ਕੌਨਫ਼ੀਡੈਂਸ਼ਲ ਡਰੇਜ਼ ਕੰਪਲੇਂਟ ਲਾਈਨ (ਗੁਪਤ ਲਾਈਨ)**
1-877-713-5109
www.drayage.confidenceline.net

**ਵੀ ਐਫ਼ ਪੀ ਏ ਟੀ ਐੱਲ ਐੱਸ ਐਡਮਨਿਸਿਟਰੇਟਰ**
604-665-9333

**ਬੀ ਸੀ ਟਰੱਕਗਿ ਐਸੋਸੀਏਸ਼ਨ**
504-888-5319
bctrucking.com

**ਓ ਬੀ ਸੀ ਸੀ ਟੀ ਸੀ ਰੇਟ ਆਰਡਰ**
obcctc.ca/rate-order

**ਓ ਬੀ ਸੀ ਸੀ ਟੀ ਸੀ ਦੇ ਫ਼ੈਸਲੇ**
obcctc.ca/decisions

**ਓ ਬੀ ਸੀ ਸੀ ਟੀ ਸੀ ਦੀਆਂ ਪਾਲਸੀਆਂ**
obcctc.ca/policies

**ਓ ਬੀ ਸੀ ਸੀ ਟੀ ਸੀ ਇੰਡਸਟਰੀ ਮਿਮੋਜ਼**
obcctc.ca/industry-communications

**ਕੰਟੇਨਰ ਟਰੱਕਗਿ ਐਕਟ**
obcctc.ca/act

**ਕੰਟੇਨਰ ਟਰੱਕਗਿ ਰੈਗੂਲੇਸ਼ਨ**
obcctc.ca/regulation

# ਨਵਾਂ ਕੀ ਹੈ

## ਵੇਟ ਟਾਈਮ ਪੇਮੈਂਟਸ

ਵੈਨਕੂਵਰ ਫਰੇਜ਼ਰ ਪੋਰਟ ਅਥਾਰਟੀ ਮੁਤਾਬਕ, 2022 ਦੀਆਂ ਸਾਰੀਆਂ ਵੇਟ ਟਾਈਮ ਪੇਮੈਂਟਸ ਕੰਪਨੀਆਂ ਨੂੰ ਵੰਡ ਦਿੱਤੀਆਂ ਗਈਆਂ ਹਨ। ਪੂਰੇ ਸਾਲ ਲਈ ਰਕਮ, ਕੁੱਲ 1,745,650 ਡਾਲਰ ਤੱਕ ਸੀ| ਭੁਗਤਾਨ 1 ਜਨਵਰੀ, 2022 ਤੋਂ ਦਸੰਬਰ 31, 2022 ਦੇ ਵਿਚਕਾਰ ਡੈਲਟਾਪੋਰਟ, ਵੈਨਟਰਮ, ਸੈਂਟਰਮ ਅਤੇ ਫਰੇਜ਼ਰ ਸਰੀ ਡੌਕਸ ਵਿਖੇ ਡਰਾਈਵਰਾਂ ਦੁਆਰਾ ਕੀਤੀ ਗਈ ਉਡੀਕ ਲਈ ਸਨ|

[ਬੁਲੇਟਿਨਾਂ ਲਈ ਇੱਥੇ ਕਲਿੱਕ ਕਰੋ]

## ਰੇਟ ਸਮੀਖਿਆ

ਇੱਕ ਸੁਤੰਤਰ ਤੀਜੀ ਧਿਰ (ਕੈਸਕੇਡੀਆ ਪਾਰਟਨਰਜ਼) ਨੇ ਇਸ ਮੁੱਦੇ ਦੀ ਵਿਸਤਾਰ ਵਿੱਚ ਜਾਂਚ ਕੀਤੀ ਅਤੇ ਰੇਟਾਂ ਵਿੱਚ ਵਾਧੇ ਦੇ ਸਵਾਲ ਨੂੰ ਸੂਚਿਤ ਕਰਨ ਲਈ ਉਹਨਾਂ ਨੇ ਇੱਕ ਟਰੱਕਇੰਗ ਕੌਮਪੰਸੇਸ਼ਨ ਸਟੱਡੀ ਤਿਆਰ ਕੀਤੀ। ਕਮਿਸ਼ਨਰ ਨੇ ਉਸ ਰਿਪੋਰਟ 'ਤੇ ਇੰਡਸਟਰੀ ਸਟੇਕਹੋਲਡਰਾਂ ਨਾਲ ਵਿਚਾਰ ਵਟਾਂਦਰਾ ਕੀਤਾ ਅਤੇ 2 ਫਰਵਰੀ, 2023 ਨੂੰ ਰੇਟ ਰਿਵਿਊ  ਰੈੱਕਮੈਂਡੇਸ਼ਨ ਰਿਪੋਰਟ ਪ੍ਰਕਾਸ਼ਤਿ ਕੀਤੀ, ਜਿਸ ਵਿੱਚ ਉਹਨਾਂ ਨੇ ਆਪਣੇ ਸੁਝਾਅ ਦਿੱਤੇ ਅਤੇ ਫ਼ੀਡਬੈੱਕ ਮੰਗਿਆ| ਪ੍ਰਾਪਤ ਹੋਈਆਂ ਬੇਨਤੀਆਂ ਅਤੇ ਰੇਟ ਰਿਵਿਊ  ਰੈੱਕਮੈਂਡੇਸ਼ਨ ਰਿਪੋਰਟ ਵਿੱਚ ਦਰਸਾਏ ਕਾਰਨਾਂ ਦੇ ਆਧਾਰ 'ਤੇ, ਅਪ੍ਰੈਲ, 2023 ਵਿੱਚ ਇੱਕ ਕੌਂਸਲਟੇਸ਼ਨ ਰਿਪੋਰਟ ਜਾਰੀ ਕੀਤੀ ਗਈ, ਜਸਿ ਵਿੱਚ ਕਮਿਸ਼ਨਰ ਨੇ ਕੁਝ ਪ੍ਰਸਤਾਵਾਂ ਨੂੰ ਜਿਵੇਂ ਕਿ ਉਹ ਸਨ ਰੱਖਿਆ, ਜਦਕਿ ਬਾਕੀਆਂ ਵਿੱਚ ਸੋਧ ਕੀਤਾ| ਪਹਿਲੀ ਵਾਰ, ਇਸ ਕੌਂਸਲਟੇਸ਼ਨ ਰਿਪੋਰਟ ਵਿੱਚ, ਕੰਪਨੀ ਡਰਾਈਵਰਾਂ ਦੇ ਨਾਲ-ਨਾਲ ਆਈ ਈ ਓ ਲਈ ਓਵਰਟਾਈਮ ਰੇਟ ਪੇਸ਼ ਕੀਤੇ ਗਏ| ਆਈ ਓ ਲਈ ਓਵਰਟਾਈਮ ਰੇਟਾਂ ਦੀ ਗਣਨਾ ਦੀ ਗੁੰਝਲਤਾ ਨੂੰ ਦੇਖਦੇ ਹੋਏ, ਰੇਟ ਰਿਵਿਊ ਕੌਂਸਲਟੇਸ਼ਨ ਰਿਪੋਰਟ ਦਾ ਇੱਕ ਐਡੈਂਡਮ ਜਾਰੀ ਕੀਤਾ ਗਿਆ, ਜਿਸ ਵਿੱਚ ਆਈ ਓ ਓਵਰਟਾਈਮ ਰੇਟ ਗਣਨਾਵਾਂ ਨੂੰ ਦਰਸ਼ਾਇਆ ਗਿਆ ਅਤੇ ਇਸ 'ਤੇ ਫ਼ੀਡਬੈੱਕ ਮੰਗਿਆ ਗਿਆ|

[ਇੱਥੇ ਕਮਿਸ਼ਨਰ ਦੇ ਰੇਟ ਰਿਵਿਊ ਸਲਾਹ-ਮਸ਼ਵਰੇ ਬਾਰੇ ਹੋਰ ਜਾਣੋ]

## ਲਾਗੂਕਰਨ

ਓ ਬੀ ਸੀ ਸੀ ਟੀ ਸੀ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਪਿਛਲੇ ਕੁਝ ਮਹੀਨਿਆਂ ਤੋਂ ਲਾਗੂਕਰਨ 'ਤੇ ਧਿਆਨ ਕੇਂਦਰਿਤ ਕਰ ਰਿਹਾ ਹੈ। ਇਸਦੇ ਲਈ ਅਸੀਂ ਕਮਰਸ਼ੀਅਲ ਵਹੀਕਲ ਸੇਫਟੀ ਇਨਫੋਰਸਮੈਂਟ (ਸੀ ਵੀ ਐੱਸ ਈ) ਦੇ ਨਾਲ ਸੰਯੁਕਤ ਇਨਫੋਰਸਮੈਂਟ ਪਹਿਲਕਦਮੀਆਂ ਕਰ ਰਹੇ ਹਾਂ। ਹੁਣ ਤੱਕ, ਅਸੀਂ ਇਹ ਤਿੰਨ ਵਾਰ ਕਰ ਚੁੱਕੇ ਹਾਂ ਅਤੇ ਬਿਨਾ ਟੈਗ ਆਫ਼-ਡੌਕ ਕੰਮ ਕਰਨ ਵਾਲੇ ਟਰੱਕਾਂ ਦੀ ਪਛਾਣ ਕਰਨ ਵਿੱਚ ਸਫਲ ਹੋਏ ਹਾਂ। ਓ ਬੀ ਸੀ ਸੀ ਟੀ ਸੀ ਨੇ ਇਹਨਾਂ ਡ੍ਰਾਈਵਰਾਂ ਨੂੰ ਭੁਗਤਾਨ ਕੀਤੇ ਗਏ ਰੇਟਾਂ ਦੀ ਪੁਸ਼ਟੀ ਕਰਨ ਲਈ ਫ਼ਾਲੋ-ਅਪ ਕੀਤੇ ਹਨ ਅਤੇ ਕੋਈ ਫ਼ੈਸਲਾ ਪੇਸ਼ ਕਰਨ ਤੋਂ ਪਹਿਲਾਂ, ਸਫ਼ਾਈ ਪੇਸ਼ ਕਰਨ ਦਾ ਮੌਕਾ ਪ੍ਰਦਾਨ ਕੀਤਾ ਹੈ।


[ਸਾਡੇ ਫ਼ੇਸਬੁੱਕ ਪੇਜ 'ਤੇ ਸਾਡੀ ਨਵੀਨਤਮ ਲਾਗੂਕਰਨ ਪਹਿਲਕਦਮੀ ਦੀਆਂ ਫ਼ੋਟੋਆਂ ਵੇਖੋ]


## ਕੰਮ ਲੱਭਣ ਵਿੱਚ ਆਈ ਓ ਦੀ ਮਦਦ

ਪਿਛਲੇ ਕੁਝ ਮਹੀਨਿਆਂ ਵਿੱਚ, ਕੁਝ ਆਈ ਓ ਨੇ ਓ ਬੀ ਸੀ ਸੀ ਟੀ ਸੀ ਨਾਲ ਸੰਪਰਕ ਕੀਤਾ ਅਤੇ ਸਾਨੂੰ ਸੂਚਿਤ ਕੀਤਾ ਕਿ ਉਹਨਾਂ ਨੂੰ ਕੰਮ ਤੋਂ ਕੱਢ ਦਿੱਤਾ ਗਿਆ ਹੈ। ਅਸੀਂ ਫ਼ੇਰ ਲਾਈਸੈਂਸੀਸ ਤੱਕ ਪਹੁੰਚ ਕੀਤੀ ਅਤੇ ਕੁੱਝ ਨੇ ਸਾਨੂੰ ਦੱਸਿਆ ਕਿ ਉਹਨਾਂ ਕੋਲ ਥੋੜ੍ਹੇ ਸਮੇਂ ਲਈ ਕੰਮ ਉੱਪਲਬਦ ਹੈ| ਇਸ ਤਰ੍ਹਾਂ, ਡਰਾਈਵਰਾਂ ਨੂੰ ਕੰਮ ਦੁਆਉਣ ਅਤੇ ਲਾਈਸੈਂਸੀਸ ਨੂੰ ਡਰਾਈਵਰ ਪ੍ਰਦਾਨ ਕਰਨ ਦੀ ਕੋਸ਼ਿਸ਼ ਵਿੱਚ, ਓ ਬੀ ਸੀ ਸੀ ਟੀ ਸੀ ਅਸਥਾਈ ਤੌਰ 'ਤੇ ਡਰਾਈਵਰਾਂ ਨੂੰ ਕੰਮ ਨਾਲ ਮੇਲ ਕਰਨ ਦੇ ਯੋਗ ਸੀ।

[ਇੱਥੇ ਬੁਲੇਟਨਿ ਪੜ੍ਹੋ]

# ਨਿਯਮਾਂ ਦੀ ਪਾਲਣਾ ਬਾਰੇ ਓ ਬੀ ਸੀ ਸੀ ਟੀ ਸੀ ਵੱਲੋਂ ਤਾਜ਼ਾ ਜਾਣਕਾਰੀ





# ਤਾਜ਼ਾ ਫ਼ੈਸਲੇ

### ਸੇਫ਼ਵੇਅ ਟਰੌਕਿੰਗ ਲਿਮਿਟਿਡ. ਅਤੇ ਕੋਸਟ ਪੈਸਿਫ਼ਿਕ ਕੈਰੀਅਰ ਇੰਕ. ਬਨਾਮ ਓ ਬੀ ਸੀ ਸੀ ਟੀ ਸੀ - ਰੱਦ ਕੀਤਾ ਲਾਇਸੈਂਸ

ਲਾਇਸੈਂਸੀ ਨੇ ਕੰਪਨੀ ਦੀ ਮਲਕੀਅਤ ਵਾਲੇ ਟਰੱਕ ਚਾਰ ਡਰਾਈਵਰਾਂ ਨੂੰ ਵੇਚੇ ਅਤੇ ਡਰਾਈਵਰਾਂ ਦੀ ਤਨਖਾਹ ਵਿੱਚ ਟਰੱਕਾਂ ਦੀ ਕੀਮਤ ਕੱਟ ਲਈ। ਲਾਇਸੈਂਸੀ ਨੇ ਕਮਸ਼ਿਨਰ ਦੇ ਹੁਕਮਾਂ ਦੀ ਉਲੰਘਣਾ ਕੀਤੀ, ਸ਼ਿਕਾਇਤਕਰਤਾਵਾਂ ਦੇ ਵਿਰੁੱਧ ਜਵਾਬੀ ਕਾਰਵਾਈ ਕੀਤੀ ਅਤੇ ਜ਼ਬਰਦਸਤੀ ਕੀਤੀ, ਤਨਖਾਹ ਰੋਕੀ, ਗਲਤ ਰੇਟਾਂ ਦਾ ਭੁਗਤਾਨ ਕੀਤਾ ਅਤੇ ਆਡੀਟਰਾਂ ਨਾਲ ਸਹਿਯੋਗ ਕਰਨ ਵਿੱਚ ਅਸਫ਼ਲ ਰਹੇ| ਇੱਕ ਲਾਇਸੰਸ ਰੱਦ ਕਰਨ ਦਾ ਪ੍ਰਸਤਾਵ ਕੀਤਾ ਗਿਆ ਸੀ ਅਤੇ ਅਤੇ ਬਾਅਦ ਦੇ ਫ਼ੈਸਲੇ ਨੋਟਿਸ ਵਿੱਚ ਲਾਗੂ ਕੀਤਾ ਗਆਿ ਸੀ। ਸੇਫ਼ਵੇਅ ਟਰੌਕਿੰਗ ਲਮਿਟੇਡ ਅਤੇ ਕੋਸਟ ਪੈਸਿਫ਼ਿਕ ਕੈਰੀਅਰ ਇੰਕ ਨੇ ਫ਼ੈਸਲੇ 'ਤੇ ਮੁੜ ਵਿਚਾਰ ਕਰਨ ਦੀ ਮੰਗ ਕੀਤੀ, ਪਰ ਅਦਾਲਤ ਦੇ ਹੁਕਮਾਂ ਨਾਲ ਇਹ ਪਟੀਸ਼ਨ ਖਾਰਜ ਕਰ ਦਿੱਤੀ ਗਈ।

### ਜੀਟਸ ਲੰਬਰ ਕੰਪਨੀ ਲਿਮਿਟਿਡ. (ਸੀ ਟੀ ਸੀ ਫ਼ੈਸਲਾ ਨੰ. 02/2023) - ਉਲੰਘਣਾ

ਲਾਇਸੈਂਸੀ ਦੇ ਪੇਰੋਲ ਰਿਕਾਰਡਾਂ ਦਾ ਆਡਿਟ ਕੀਤਾ ਗਿਆ, ਇਹ ਨਰਿਧਾਰਤ ਕਰਨ ਲਈ ਕਿ ਉਹਨਾਂ ਨੇ ਆਪਣੇ ਕੰਪਨੀ ਡਰਾਈਵਰਾਂ, ਆਈ ਈ ਓ ਅਤੇ ਆਈ ਓ ਨੂੰ ਨਿਯੰਤ੍ਰਤਿ ਘੱਟੋ-ਘੱਟ ਰੇਟਾਂ ਦਾ ਭੁਗਤਾਨ ਕੀਤਾ ਜਾਂ ਨਹੀਂ| ਆਡਿਟ ਪ੍ਰਕਿਰਿਆ ਨੇ ਖੁਲਾਸਾ ਕੀਤਾ ਕਿ ਜੀਟਸ ਨੇ ਆਪਣੇ ਡਰਾਈਵਰਾਂ ਨੂੰ ਨਿਯਮ ਦੇ ਅਨੁਸਾਰ ਭੁਗਤਾਨ ਕੀਤਾ, ਪਰ ਇਹ ਵੀ ਕਿ ਉਹਨਾਂ ਨੇ ਸੀ ਟੀ ਐੱਸ ਲਾਇਸੈਂਸ ਦੇ ਨਾਲ ਅਸੰਗਤ ਇੱਕ ਆਈ ਓ ਨੂੰ ਹਾਈਬ੍ਰਡਿ ਰੇਟ ਦਾ ਭੁਗਤਾਨ ਕੀਤਾ।

### ਯੂਨਾਈਟਿਡ ਕੋਸਟਲ ਲੌਜਿਸਟਿਕਸ ਲਿਮਿਟਿਡ. (ਸੀ ਟੀ ਸੀ ਫ਼ੈਸਲਾ ਨੰ. 01/2023) - 7000.00 ਡਾਲਰ ਜੁਰਮਾਨਾ

ਯੂਨਾਈਟਿਡ ਕੋਸਟਲ ਲੌਜਿਸਟਿਕਸ ਲਿਮਿਟਿਡ (ਯੂ ਸੀ ਐੱਲ) ਆਪਣੇ ਕੰਪਨੀ ਡਰਾਈਵਰਾਂ ਅਤੇ ਆਈ ਓ ਦੇ ਗੈਰ-ਅਨੁਕੂਲ ਰੇਟਾਂ ਦਾ ਭੁਗਤਾਨ ਕਰਕੇ ਐਕਟ, ਰੈਗੂਲੇਸ਼ਨ, ਅਤੇ ਆਪਣੇ ਲਾਇਸੈਂਸ ਦੀ ਉਲੰਘਣਾ ਕਰਦਾ ਪਾਇਆ ਗਿਆ। ਯੂ ਸੀ ਐੱਲ ਨੂੰ 7,000 ਡਾਲਰ ਦਾ ਜੁਰਮਾਨਾ ਲਗਾਇਆ ਗਿਆ। ਕੰਪਨੀ ਨੇ ਆਖਰਕਾਰ ਆਪਣੇ ਡਰਾਈਵਰਾਂ ਨੂੰ ਬਕਾਇਆ ਰਕਮਾਂ ਦਾ ਭੁਗਤਾਨ ਕੀਤਾ।

### ਫ਼ਰਨਡੇਲ ਟਰਾਂਸਪੋਰਟ ਲਿਮਿਟਿਡ. (ਸੀ ਟੀ ਸੀ ਫ਼ੈਸਲਾ ਨੰ. 05/2022) - 25000.00 ਡਾਲਰ ਜੁਰਮਾਨਾ

ਫ਼ਰਨਡੇਲ ਨੂੰ ਸਹੀ ਰਿਕਾਰਡ ਨੂੰ ਕਾਇਮ ਨਾਂ ਰੱਖਣ ਅਤੇ ਉਪਲਬਧ ਕਰਾਉਣ, ਆਪਣੀ ਕੰਪਨੀ ਦੇ ਡਰਾਈਵਰਾਂ ਨੂੰ ਗੈਰ-ਅਨੁਕੂਲ ਰੇਟਾਂ ਦਾ ਭੁਗਤਾਨ ਕਰਨ ਅਤੇ ਕੰਪਨੀ ਡਰਾਈਵਰਾਂ ਨੂੰ ਕੰਮ ਕੀਤੇ ਸਾਰੇ ਘੰਟਿਆਂ ਲਈ ਭੁਗਤਾਨ ਕਰਨ ਵਿੱਚ ਅਸਫ਼ਲ ਹੋਣ ਕਰਕੇ, *ਐਕਟ, ਰੈਗੂਲੇਸ਼ਨ,* ਅਤੇ ਉਹਨਾਂ ਦੇ ਲਾਇਸੈਂਸ ਦੀ ਉਲੰਘਣਾ ਕਰਦੇ ਪਾਇਆ ਗਿਆ| ਫ਼ਰਨਡੇਲ ਨੂੰ 25,000 ਡਾਲਰ ਦਾ ਜੁਰਮਾਨਾ ਲਗਾਇਆ ਗਿਆ। ਕੰਪਨੀ ਨੇ ਆਖਰਕਾਰ ਆਪਣੇ ਡਰਾਈਵਰਾਂ ਨੂੰ ਬਕਾਇਆ ਰਕਮਾਂ ਦਾ ਭੁਗਤਾਨ ਕੀਤਾ।

### ਸਿਮਾਰਡ ਵੈਸਟਲਿੰਕ ਇੰਕ. (ਸੀ ਟੀ ਸੀ ਫ਼ੈਸਲਾ ਨੰ. 05 /2023) - ਡਰਾਈਵਰ ਨੂੰ ਭੁਗਤਾਨ ਕਰਨ ਦਾ ਆਰਡਰ

ਸਿਮਾਰਡ ਨੂੰ ਨਿਯਮ ਦੀ ਉਲੰਘਣਾ ਕਰਦੇ ਪਾਇਆ ਗਿਆ ਜਦੋਂ ਉਹ ਆਪਣੇ ਡਰਾਈਵਰ ਨੂੰ ਸਹੀ ਫ਼ਿਯੂਲ ਸਰਚਾਰਜ ਦੀ ਰਕਮ ਦਾ ਭੁਗਤਾਨ ਕਰਨ ਵਿੱਚ ਅਸਫਲ ਰਹੇ। ਸਿਮਾਰਡ ਨੂੰ ਡਰਾਈਵਰ ਨੂੰ 884.83 ਡਾਲਰ ਦਾ ਭੁਗਤਾਨ ਕਰਨ ਦਾ ਹੁਕਮ ਦਿੱਤਾ ਗਿਆ|

### ਸੇਫ਼ਵੇਅ ਟਰੌਕਿੰਗ ਲਿਮਿਟਿਡ. - ਡਰਾਈਵਰਾਂ ਨੂੰ ਭੁਗਤਾਨ ਕਰਨ ਲਈ ਕਮਿਸ਼ਨਰ ਦਾ ਆਰਡਰ

ਫ਼ਰਵਰੀ ਅਤੇ ਮਾਰਚ 2023 ਦਰਮਿਆਨ ਕੀਤੇ ਗਏ ਕੰਮ ਲਈ ਤਿੰਨ ਡਰਾਈਵਰਾਂ ਨੂੰ ਭੁਗਤਾਨ ਨਹੀਂ ਕੀਤਾ ਗਿਆ ਸੀ। ਕੁੱਲ 35,000 ਡਾਲਰ ਤੋਂ ਵੱਧ ਦੀ ਅਦਾਇਗੀ ਲਈ ਇੱਕ ਆਰਡਰ ਜਾਰੀ ਕੀਤਾ ਗਆਿ|

### ਪ੍ਰੋ ਵੈਸਟ ਟਰੌਕਿੰਗ ਲਿਮਿਟਿਡ. - ਕਮਿਸ਼ਨਰ ਦਾ ਆਰਡਰ

ਪ੍ਰੋ ਵੈਸਟ ਨੂੰ 10 ਜਨਵਰੀ, 2022 ਦੀ ਆਡਿਟ ਰਿਪੋਰਟ ਅਤੇ ਪ੍ਰੋ ਵੈਸਟ ਦੇ ਪਿਛਲੇ ਆਦੇਸ਼ ਦੀ ਪਾਲਣਾ ਨਾ ਕਰਨ ਦੇ ਫ਼ੈਸਲੇ ਤੋਂ ਬਾਅਦ, ਕਮਿਸ਼ਨਰ ਨੂੰ ਬੇਨਤੀ ਪ੍ਰਦਾਨ ਕਰਨ ਦਾ ਆਦੇਸ਼ ਦਿੱਤਾ ਗਿਆ|

### ਓ ਬੀ ਸੀ ਸੀ ਟੀ ਸੀ ਦੇ ਫ਼ੈਸਲੇ ਹੁਣ ਕੈਨਲੀ ਡੇਟਾਬੇਸ 'ਤੇ ਖੋਜਣ ਯੋਗ ਹਨ

ਓ ਬੀ ਸੀ ਸੀ ਟੀ ਸੀ ਦੁਆਰਾ ਜਾਰੀ ਕੀਤੇ ਸਾਰੇ ਕਮਿਸ਼ਨਰ ਦੇ ਫ਼ੈਸਲੇ ਫ਼ੈਸਲਿਆਂ ਦੇ ਨੋਟਸਿ ਅਤੇ ਪੁਨਰ-ਵਿਚਾਰ ਹੁਣ ਕੈਨਲੀ (ਕੈਨੇਡੀਅਨ ਲੀਗਲ ਇਨਫ਼ਾਰਮੇਸ਼ਨ ਇੰਸਟੀਟਿਊਟ) ਦੀ ਵੈੱਬਸਾਈਟ 'ਤੇ ਲੱਭੇ ਜਾ ਸਕਦੇ ਹਨ। ਓ ਬੀ ਸੀ ਸੀ ਟੀ ਸੀ ਦੀ ਵੈੱਬਸਾਈਟ ਤੋਂ ਇਲਾਵਾ, ਸਟੇਕਹੋਲਡਰ ਹੁਣ ਇਸ ਜਨਤਕ ਖੋਜਯੋਗ ਡੇਟਾਬੇਸ 'ਤੇ ਓ ਬੀ ਸੀ ਸੀ ਟੀ ਸੀ ਦੇ ਫੈਸਲਿਆਂ ਦੀ ਖੋਜ ਕਰ ਸਕਦੇ ਹਨ: www.canlii.org

**ਓ ਬੀ ਸੀ ਸੀ ਟੀ ਸੀ ਦੇ ਸਾਰੇ ਫ਼ੈਸਲੇ ਇੱਥੇ ਵੇਖੋ**

# ਕੀ ਤੁਸੀਂ ਜਾਣਦੇ ਹੋ?

## ਟਰੱਕ ਟੈਗ ਆਈ ਓ ਦੇ ਨਹੀਂ

ਟਰੱਕ ਟੈਗਾਂ ਨੂੰ ਖਰੀਦਿਆ, ਵੇਚਿਆ ਜਾਂ ਟ੍ਰਾਂਸਫਰ ਨਹੀਂ ਕੀਤਾ ਜਾ ਸਕਦਾ। ਇਹ ਕੰਪਨੀਆਂ ਨੂੰ ਸੌਂਪੇ ਗਏ ਹਨ| ਟੈਗ ਡਰਾਈਵਰਾਂ ਦੇ ਨਹੀਂ ਅਤੇ ਇਸ ਲਈ ਟੈਗਾਂ ਨੂੰ ਇੱਕ ਕੰਪਨੀ ਤੋਂ ਦੂਜੀ ਕੰਪਨੀ ਵਿੱਚ ਨਹੀਂ ਲਿਜਾਇਆ ਜਾ ਸਕਦਾ| ਜੇਕਰ ਆਈ ਓ ਕਿਸੇ ਹੋਰ ਕੰਪਨੀ ਲਈ ਕੰਮ ਕਰਨਾ ਚਾਹੁੰਦੇ ਹਨ, ਤਾਂ ਉਹਨਾਂ ਨੂੰ ਅਜਿਹੀ ਕੰਪਨੀ ਲੱਭਣੀ ਪਵੇਗੀ ਜਿਸ ਕੋਲ ਖਾਲੀ ਟਰੱਕ ਟੈਗ ਉਪਲਬਧ ਹੋਣ|

## ਸਾਨੂੰ ਤੁਹਾਡੇ ਤੋਂ ਸੁਣਨਾ ਪਸੰਦ ਹੈ

ਲੋਅਰ ਵੈਨਕੂਵਰ ਡਰੇਜ਼ ਸੈਕਟਰ ਬਾਰੇ ਕੋਈ ਸਵਾਲ ਜਾਂ ਹੋਰ ਜਾਣਕਾਰੀ ਦੀ ਲੋੜ ਹੈ? ਸਾਡੇ ਨਾਲ ਬੇਝਿਜਕ info@obcctc.ca 'ਤੇ ਸਿੱਧਾ ਸੰਪਰਕ ਕਰੋ| ਇੱਥੇ ਆਪਣਾ ਨਾਮ, ਸੰਪਰਕ ਨੰਬਰ ਅਤੇ ਆਪਣੀ ਪੁੱਛਗਿੱਛ ਦੇ ਵੇਰਵੇ ਛੱਡੋ।

## ਇੱਕ ਆਈ ਓ ਵੱਜੋਂ ਸਪੌਂਸਰ ਹੋਣ ਲਈ

ਇੱਕ ਸੀ ਟੀ ਐੱਸ ਲਾਇਸੈਂਸੀ ਦੁਆਰਾ ਸਪੌਂਸਰ ਕੀਤੇ ਜਾਣ ਲਈ ਇੱਕ ਆਈ ਓ ਕਮਿਸ਼ਨਰ ਦੀ ਆਈ ਓ ਲਸਿਟ ਵਿੱਚ ਹੋਣਾ ਚਾਹੀਦਾ ਹੈ। ਜੇਕਰ ਤੁਸੀਂ ਕਮਿਸ਼ਨਰ ਦੀ ਆਈ ਓ ਲਸਿਟ ਵਿੱਚ ਇੱਕ ਆਈ ਓ ਹੋ ਅਤੇ ਆਈ ਓ ਲਿਸਟ ਵਿੱਚ ਤੁਹਾਡੀ ਸਥਿਤੀ ਬਾਰੇ ਸਵਾਲ ਹਨ, ਤਾਂ ਕਰਿਪਾ ਕਰਕੇ info@obcctc.ca 'ਤੇ ਸਿੱਧੇ ਓ ਬੀ ਸੀ ਸੀ ਟੀ ਸੀ ਨਾਲ ਸੰਪਰਕ ਕਰੋ।

## ਓ ਬੀ ਸੀ ਸੀ ਟੀ ਸੀ ਅਤੇ ਵੈਨਕੂਵਰ ਫ਼ਰੇਜ਼ਰ ਪੋਰਟ ਅਥਾਰਟੀ (ਵੀ ਐੱਫ ਪੀ ਏ)

ਹਾਲਾਂਕਿ ਓ ਬੀ ਸੀ ਸੀ ਟੀ ਸੀ ਅਤੇ ਵੀ ਐੱਫ ਪੀ ਏ ਸਪੌਂਸਰਸ਼ਿਪ, ਵੇਟ ਟਾਈਮ ਦੇ ਭੁਗਤਾਨ ਆਦਿ ਨੂੰ ਯਕੀਨੀ ਬਣਾਉਣ ਲਈ ਮਿਲ ਕੇ ਕੰਮ ਕਰਦੇ ਹਨ, ਇਹ ਦੋ ਵੱਖਰੀਆਂ ਸੰਸਥਾਵਾਂ ਹਨ। ਵੀ ਐੱਫ ਪੀ ਏ ਨਾਲ ਸਬੰਧਤ ਪੁੱਛਗਿੱਛਾਂ ਲਈ, ਕਿਰਪਾ ਕਰਕੇ 604-665-9333 'ਤੇ ਉਹਨਾਂ ਦੀ ਟੀ ਐੱਲ ਐੱਸ ਟੀਮ ਨਾਲ ਸਿੱਧੇ ਸੰਪਰਕ ਕਰੋ।



## ਸਾਨੂੰ ਫੇਸਬੁੱਕ 'ਤੇ ਫ਼ਾਲੋ ਕਰਨਾ ਨਾ ਭੁੱਲੋ

ਕੰਟੇਨਰ ਟਰੱਕਿੰਗ ਉਦਯੋਗ ਬਾਰੇ ਜਾਣਨ ਲਈ ਸਾਡੀ ਫੇਸਬੁੱਕ ਕਮਿਊਨਟੀ ਨਾਲ ਜੁੜੋ| ਅਸੀਂ ਓ ਬੀ ਸੀ ਸੀ ਟੀ ਸੀ ਗਤੀਵਿਧੀਆਂ ਅਤੇ ਇੰਡਸਟਰੀ ਸਟੇਕਹੋਲਡਰਾਂ ਲਈ ਮਹੱਤਵਪੂਰਨ ਜਾਣਕਾਰੀ ਦੇ ਸਬੰਧ ਵਿੱਚ ਲਗਾਤਾਰ ਅੱਪਡੇਟ ਪੋਸਟ ਕਰਦੇ ਰਹਿੰਦੇ ਹਾਂ।

obcctc.ca/facebook 'ਤੇ ਸਾਨੂੰ ਫ਼ਾਲੋ ਕਰੋ|


OFFICE OF THE
BRITISH COLUMBIA CONTAINER
TRUCKING COMMISSIONER

1085 ਕੈਮਬੀ ਸਟ੍ਰੀਟ, ਵੈਨਕੂਵਰ ਬੀ ਸੀ V6B 5L7
ਫ਼ੋਨ: 604-660-6051 ਫ਼ੈਕਸ: 604-660-6045